19.11.2024

| | |
|---|---|
| **BSE Limited**<br>Phiroze Jeejeebhoy Towers<br>Dalal Street<br>Mumbai 400 001<br>**Scrip Code: 532937**<br>**Scrip ID: KUANTUM** | **National Stock Exchange of India Limited**<br>Exchange Plaza<br>Plot No. C/1, G Block,<br>Bandra-Kurla Complex, Bandra (East)<br>Mumbai 400 051<br>**Trading Symbol: KUANTUM** |

**Reg: Newspaper Publication – Postal Ballot Notice and E-voting Information**

Dear Sir/Madam,

Please find enclosed herewith, clippings of newspaper publication of the "Postal Ballot Notice and E-voting Information" published in today's Financial Express (English) and Desh Sewak (Punjabi).

The same are also available on the Company's website at www.kuantumpapers.com.

Please take the same on record.

Thanking you,
Yours faithfully,
**For Kuantum Papers Limited**

GURINDER SINGH MAKKAR

Digitally signed by GURINDER SINGH MAKKAR
Date: 2024.11.19 09:50:35 +05'30'

**(Gurinder Singh Makkar)**
**Company Secretary & Compliance Officer)**
**M.No.: F5124**

Kuantum Papers Ltd
www.kuantumpapers.com kuantumcorp@kuantumpapers.com kuantummill@kuantumpapers.com
Corp Office W1A FF Tower A Godrej Eternia Plot 70 Indl Area 1 Chandigarh 160 002 Ph - 0172 5172737
Regd Office & Works Saila Khurd 144 529 Distt Hoshiarpur Punjab CIN - L21012PB1997PLC035243

# ਲੈਮਰਿਨ ਟੈੱਕ ਸਕਿੱਲ ਯੂਨੀਵਰਸਿਟੀ ਬਲਾਚੌਰ ਵਿਖੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਜੇਤੂਆਂ ਨੂੰ ਵੰਡੇ ਇਨਾਮ

**ਅਵਤਾਰ ਸਿੰਘ ਧੀਮਾਨ**

**ਬਲਾਚੌਰ/18 ਨਵੰਬਰ :** ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ 2024, ਸੀਜ਼ਨ-3' ਦੇ ਤਹਿਤ ਲੈਮਰਿਨ ਟੈੱਕ ਸਕਿੱਲ ਯੂਨੀਵਰਸਿਟੀ ਬਲਾਚੌਰ ਵਿਖੇ ਕਰਵਾਏ ਜਾ ਰਹੇ ਰਾਜ ਪੱਧਰੀ ਬਾਕਸਿੰਗ ਮੁਕਾਬਲਿਆਂ ਦੇ ਦੂਜੇ ਦਿਨ ਅੱਜ ਵੱਖ-ਵੱਖ ਉਮਰ ਵਰਗਾਂ ਦੇ ਗਹਿਗੱਚ ਮੁਕਾਬਲੇ ਹੋਏ। ਇਸ ਦੌਰਾਨ ਇੰਪਰੂਵਮੈਂਟ ਟਰੱਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਵਿਚ ਵੱਧ-ਚੜ੍ਹ ਕੇ ਭਾਗ ਲੈਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਖੇਡ ਵਿਭਾਗ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਜੇਤੂ ਖਿਡਾਰੀਆਂ ਨੂੰ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ। ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਨੇ ਦੱਸਿਆ ਕਿ ਅੱਜ ਰਾਜ ਪੱਧਰੀ ਟੂਰਨਾਮੈਂਟ ਦੇ ਦੂਜੇ ਦਿਨ ਲੜਕੀਆਂ ਦੇ ਬਾਕਸਿੰਗ ਮੁਕਾਬਲਿਆਂ ਵਿਚ ਅੰਡਰ-21 ਭਾਰ 45-48 ਕਿਲੋ ਵਿਚ ਨੀਤੂ ਜ਼ਿਲ੍ਹਾ ਐਸ. ਏ.ਐਸ ਨਗਰ ਨੇ ਰਾਣੀ ਜ਼ਿਲ੍ਹਾ ਪਟਿਆਲਾ ਨੂੰ ਹਰਾਇਆ। ਇਸੇ ਤਰ੍ਹਾਂ ਭਾਰ 48-51 ਕਿਲੋ ਵਿਚ ਕਲਪਨਾ ਪਟਿਆਲਾ ਨੇ ਅਰਸ਼ਦੀਪ ਮੋਗਾ ਨੂੰ, ਭਾਰ 51-54 ਕਿਲੋ ਵਿਚ ਗੀਤਿਕਾ ਮਾਲੇਰਕੋਟਲਾ ਨੇ ਮਨਜੀਤ ਕੌਰ ਗੁਰਦਾਸਪੁਰ ਨੂੰ ਹਰਾਇਆ। ਭਾਰ 54-57 ਕਿਲੋ ਵਰਗ ਵਿਚ ਗੀਬਾ ਮਾਲੇਰਕੋਟਲਾ ਨੇ ਧੰਨਿਸਤਾ ਸ਼ਰਮਾ ਐਸ. ਏ.ਐਸ ਨਗਰ ਨੂੰ ਹਰਾ ਕੇ ਸੈਮੀਫਾਈਨਲ ਵਿਚ ਆਪਣਾ ਸਥਾਨ ਪੱਕਾ ਕੀਤਾ।




# ਜ਼ਿਲ੍ਹੇ ਦੀਆਂ ਮੰਡੀਆਂ 'ਚੋਂ ਖ਼ਰੀਦ ਏਜੰਸੀਆਂ ਨੇ 8,91,592 ਮੀਟ੍ਰਿਕ ਟਨ ਝੋਨਾ ਖ਼ਰੀਦਿਆ

## ਕਿਸਾਨਾਂ ਨੂੰ ਕੀਤਾ 1857 ਕਰੋੜ 66 ਲੱਖ ਰੁਪਏ ਦਾ ਭੁਗਤਾਨ : ਡਿਪਟੀ ਕਮਿਸ਼ਨਰ

**ਹਰਮਨਬੀਰ ਸਿੰਘ**

**ਤਰਨ ਤਾਰਨ/18 ਨਵੰਬਰ :** ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਖਰੀਦ ਕੇਂਦਰਾਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਜਾਰੀ ਹੈ ਅਤੇ ਹੁਣ ਤੱਕ ਜ਼ਿਲ੍ਹਾ ਤਰਨ ਤਾਰਨ ਦੀਆਂ ਮੰਡੀਆਂ ਵਿੱਚ 8,97,843 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋਂ 8,91,592 ਮੀਟ੍ਰਿਕ ਟਨ ਝੋਨੇ ਦੀ ਖਰੀਦ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾ ਚੁੱਕੀ ਹੈ। ਉਹਨਾਂ ਦੱਸਿਆ ਕਿ 16 ਨਵੰਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਪਨਗਰੇਨ ਵੱਲੋਂ 4,04,697 ਮੀਟਰਿਕ ਟਨ, ਮਾਰਕਫੈੱਡ ਵੱਲੋਂ 2,04,185 ਮੀਟਰਿਕ ਟਨ, ਪਨਸਪ ਵੱਲੋਂ 1,77,123 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਕਾਰਪੋਰੇਸ਼ਨ ਵੱਲੋਂ 1,04,086 ਮੀਟਰਿਕ ਟਨ ਅਤੇ ਵਪਾਰੀਆਂ ਵੱਲੋਂ 1501 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਹੁਣ ਤੱਕ ਖਰੀਦ ਕੀਤੀ ਗਈ ਫਸਲ ਦੀ ਜ਼ਿਲ੍ਹੇ ਦੇ ਕਿਸਾਨਾਂ ਨੂੰ 1857 ਕਰੋੜ 66 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।



ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 48 ਘੰਟਿਆਂ ਵਿੱਚ ਕਰਨੀ ਯਕੀਨੀ ਬਣਾਈ ਜਾਵੇ।ਉਹਨਾਂ ਦੱਸਿਆ ਕਿ ਮੰਡੀਆਂ ਵਿੱਚੋਂ ਖਰਦੀ ਕੀਤੇ ਗਏ 8,19,652 ਮੀਟਰਿਕ ਟਨ ਝੋਨੇ ਦੀ ਚੁਕਾਈ ਮੰਡੀਆਂ ਵਿੱਚੋਂ ਕੀਤੀ ਜਾ ਚੁੱਕੀ ਹੈ। ਉਹਨਾਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਅਲਾਟ ਕੀਤੇ ਗਏ ਖਰੀਦ ਕੇਂਦਰਾਂ ਵਿੱਚ ਹਾਜ਼ਰ ਰਹਿਣ ਅਤੇ ਸਰਕਾਰੀ ਖਰੀਦ ਦੇ ਮਾਪਦੰਡਾਂ 'ਤੇ ਪੂਰੇ ਉੱਤਰਦੇ ਝੋਨੇ ਦੀ ਤੁਰੰਤ ਖਰੀਦ ਯਕੀਨੀ ਬਣਾਉਣ।ਉਹਨਾਂ ਕਿਹਾ ਕਿ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਨਾਲ ਦੀ ਨਾਲ ਕੀਤੀ ਜਾਵੇ ਅਤੇ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਪਰੇਸ਼ਾਨੀ ਨਾ ਆਵੇ। ਉਹਨਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕੇਵਲ ਪੂਰੇ ਪੱਕੇ ਹੋਏ ਝੋਨੇ ਦੀ ਹੀ ਕਟਾਈ ਕਰਵਾਉਣ, ਹਰਾ ਅਤੇ ਨਮੀ ਵਾਲਾ ਝੋਨਾ ਨਾ ਕਟਾਉਣ ਤਾਂ ਕਿ ਉਹਨਾਂ ਨੂੰ ਮੰਡੀਆਂ ਵਿੱਚ ਆਪਣਾ ਝੋਨਾ ਵੇਚਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਪਿੰਡ ਝਨੇੜੀ ਵਿਖੇ ਕਲੱਬ ਵੱਲੋਂ ਊੜਾ ਤੇ ਜੂੜਾ ਦੀ ਸੰਭਾਲ ਲਈ ਉਪਰਾਲਾ




**ਰਾਜ ਖੁਰਮੀ**

**ਭਵਾਨੀਗੜ੍ਹ/18 ਨਵੰਬਰ :** ਸਥਾਨਕ ਇੱਥੋਂ ਦੇ ਨੇੜਲੇ ਪਿੰਡ ਝਨੇੜੀ ਵਿਖੇ ਅਜਾਦ ਸਪੋਰਟਸ ਅਤੇ ਵੈਲਫੈਅਰ ਕਲੱਬ ਵੱਲੋ ਊੜਾ ਤੇ ਜੂੜਾ ਦੀ ਸੰਭਾਲ ਲਈ ਉਪਰਾਲਾ ਕੀਤਾ ਗਿਆ। ਇਸ ਦੌਰਾਨ ਗੁਰਤੇਜ ਸਿੰਘ ਝਨੇੜੀ ਕਨਵੀਨਰ ਟਰਾਂਸਪੋਰਟ ਸੈਲ ਬੀ.ਜੇ.ਪੀ ਪੰਜਾਬ, ਗੁਰਮੀਤ ਸਿੰਘ ਮੀਤਾ ਸਰਪੰਚ ਝਨੇੜੀ, ਦਲਜੀਤ ਸਿੰਘ ਸਰਪੰਚ ਘਰਾਚੋ, ਮਾਲਵਿੰਦਰ ਸਿੰਘ, ਕਰਨੈਲ ਸਿੰਘ, ਮੇਜਰ ਸਿੰਘ ਸਾਬਕਾ ਸਰਪੰਚ ਤੇ ਸਮੂਹ ਗਰਾਮ ਪੰਚਾਇਤ ਤੇ ਕਲੱਬ ਮੈਬਰ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ । ਇਸ ਮੌਕੇ ਸਮੂਹ ਕਲੱਬ ਮੈਬਰਾਂ ਦਾ ਧੰਨਵਾਦ ਕੀਤਾ ਅਤੇ ਜੈਤੂ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ ।

# ਚੰਡੀਗੜ੍ਹ 'ਚ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਉਸਾਰਨੀ ਪੰਜਾਬ ਨਾਲ ਇੱਕ ਹੋਰ ਵੱਡਾ ਧੱਕਾ : ਬਾਬਾ ਬਲਬੀਰ ਸਿੰਘ 96 ਕਰੋੜੀ

**ਰਵਿੰਦਰ ਸਿੰਘ ਢੀਂਡਸਾ**

**ਸ੍ਰੀ ਫ਼ਤਿਹਗੜ੍ਹ ਸਾਹਿਬ/18 ਨਵੰਬਰ :** ਕੇਂਦਰ ਦੇ ਗ੍ਰਹਿ ਮੰਤਰਾਲੇ ਵੱਲੋਂ ਹਰਿਆਣਾ ਵਿਧਾਨ ਸਭਾ ਦੀ ਇਮਾਰਤ ਲਈ ਲੋੜੀਂਦੀ ਜ਼ਮੀਨ ਚੰਡੀਗੜ੍ਹ 'ਚ ਦੇਣ ਸਬੰਧੀ ਕੀਤੇ ਨੋਟੀਫਿਕੇਸ਼ਨ ਤੇ ਵਿਰੋਧ ਜਤਾਉਂਦਿਆਂ ਨਿਹੰਗ ਸਿੰਘਾਂ ਦੀ ਮੁਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਹਮੇਸ਼ਾ ਅਨਿਆਏ, ਵਿਤਕਰਾ ਅਤੇ ਮਤਰੇਈ ਮਾਂ ਵਾਲਾ ਸਲੂਕ ਅਪਣਾਇਆ ਜਾ ਰਿਹਾ ਹੈ। ਨਿਹੰਗ ਮੁਖੀ ਨੇ ਕਿਹਾ ਹੁਣ ਨਵੀਂ ਵਿਧਾਨ ਸਭਾ ਲਈ ਚੰਡੀਗੜ੍ਹ ਵਲੋਂ ਰੇਲਵੇ ਸਟੇਸ਼ਨ ਤੋਂ ਆਈ.ਟੀ. ਪਾਰਕ ਨੂੰ ਜਾਣ ਵਾਲੀ ਸੜਕ ਨੇੜੇ 10 ਏਕੜ ਜ਼ਮੀਨ ਦਿੱਤੀ ਜਾ ਰਹੀ ਹੈ। ਇਸ ਦੇ ਬਦਲੇ 'ਚ ਹਰਿਆਣਾ ਤੋਂ 12 ਏਕੜ ਜ਼ਮੀਨ ਲਈ ਜਾਵੇਗੀ। ਮਨਸਾ ਦੇਵੀ ਕੰਪਲੈਕਸ ਨੇੜੇ 12 ਏਕੜ ਜ਼ਮੀਨ ਜੋ ਕਿ ਈਕੋ-ਸੰਵੇਦਨਸ਼ੀਲ ਜ਼ੋਨ 'ਚ ਆਉਂਦੀ ਹੈ



ਤੇ ਕੇਂਦਰ ਸਰਕਾਰ ਦੇ ਵਾਤਾਵਰਨ ਮੰਤਰਾਲੇ ਨੇ ਨੋਟੀਫ਼ਿਕੇਸ਼ਨ ਜਾਰੀ ਕਰਕੇ ਬਦਲਾਅ ਕੀਤਾ ਹੈ ਤਾਂ ਜੋ ਪੰਜਾਬ ਦੀ ਇਸ ਬੇਸ਼ਕੀਮਤੀ ਜ਼ਮੀਨ ਹਰਿਆਣਾ ਨੂੰ ਦਿੱਤੀ ਜਾ ਸਕੇ, ਜੋ ਕਿ ਪੰਜਾਬ ਤੇ ਪੰਜਾਬੀਆਂ ਦਾ ਸਿੱਧੇ ਤੌਰ 'ਤੇ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੀ ਸਥਾਪਤੀ ਪੰਜਾਬ ਦੇ ਦਰਜਨਾਂ ਪਿੰਡਾਂ ਦੀ ਹੋਂਦ ਨੂੰ ਖ਼ਤਮ ਕਰਨ ਕਰਕੇ ਕੀਤੀ ਗਈ ਜਿਸ ਕਰਕੇ ਇਸ ਸ਼ਹਿਰ 'ਤੇ ਕੇਵਲ ਪੰਜਾਬ ਦਾ ਹੀ ਹੱਕ ਹੈ। ਕੇਂਦਰ ਸਰਕਾਰ ਵਲੋਂ ਪੰਜਾਬ ਦੇ ਹੱਕਾਂ ਤੇ ਹਿੱਤਾਂ 'ਤੇ ਦਿਨ ਦਿਹਾੜੇ ਡਾਕਾ ਮਾਰਿਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਫੈਸਲਿਆਂ ਨਾਲ ਪੰਜਾਬ ਨੂੰ ਦਿਨੋ ਦਿਨ ਕਮਜ਼ੋਰ ਅਤੇ ਖੇਤਰੀ ਸੰਖੇਪਤਾ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਇਸ ਮਸਲੇ ਤੇ ਰਾਜਨੀਤਕ ਦਲ, ਕਿਸਾਨ ਦਲ, ਤੇ ਹੋਰ ਜਥੇਬੰਦੀਆਂ ਦੀ ਚੁੱਪ ਇਹ ਦਸਦੀ ਹੈ ਕਿ ਉਹ ਸਰਕਾਰ ਦੀ ਇਸ ਧੱਕੇਸ਼ਾਹੀ ਨਾਲ ਸਹਿਮਤ ਹਨ।

# ਮਾਡਰਨ ਕੈਂਬਰਿਜ ਸਕੂਲ ਕਰੂਰਾ ਦੀ ਹਿੰਦੀ ਅਧਿਅਪਕਾ ਰੇਖਾ ਰਾਣੀ ਦਾ ਨੈਸ਼ਨਲ ਬੈਸਟ ਟੀਚਰ ਐਵਾਰਡ ਨਾਲ ਸਨਮਾਨ

**ਬਲਵਿੰਦਰ ਰੈਤ**

**ਨੂਰਪੁਰ ਬੇਦੀ/18 ਨਵੰਬਰ :** ਚੰਡੀਗੜ੍ਹ ਯੂਨੀਵਰਸਿਟੀ ਘੜੂੰਆ ਵਿਖੇ ਸਕੂਲ ਸਿੱਖਿਆ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਪ੍ਰਾਈਵੇਟ ਸਕੂਲਾਂ ਵਿੱਚ ਦੇ ਅਧਿਆਪਕਾਂ ਨੂੰ 'ਬੈਸਟ ਟੀਚਰ ਐਵਾਰਡ' ਦੇਣ ਲਈ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਅਤੇ ਐਸੋਸੀਏਸ਼ਨ ਪੰਜਾਬ ਰਜਿ. ਵੱਲੋ 'ਫੇਪ ਨੈਸ਼ਨਲ ਐਵਾਰਡ' ਸਮਾਗਮ ਕਰਵਾਇਆ ਗਿਆ। ਇਸ ਐਵਾਰਡ ਸਮਾਰੋਹ ਵਿੱਚ ਵੱਖ ਵੱਖ ਸ਼੍ਰੇਣੀਆਂ ਅਧੀਨ ਆਉਂਦੇ ਬੈਸਟ ਸਕੂਲ, ਬੈਸਟ ਪ੍ਰਿੰਸੀਪਲ, ਬੈਸਟ ਅਧਿਆਪਕ ਅਤੇ ਬੈਸਟ ਵਿਦਿਆਰਥੀਆਂ ਦੀ ਚੋਣ ਕੀਤੀ ਗਈ । ਇਸ ਐਵਾਰਡ ਸਮਾਗਮ ਵਿੱਚ ਰੂਪਨਗਰ ਦੇ ਬਲਾਕ ਨੂਰਪੁਰ ਬੇਦੀ ਦੇ



ਨਾਮਵਾਰ ਮੌਡਰਨ ਕੈਂਬਰਿਜ ਸਕੂਲ ਕਰੂਰਾ ਦੀ ਹਿੰਦੀ ਅਧਿਆਪਕਾ ਰੇਖਾ ਰਾਣੀ ਨੂੰ ਐਸੋਸੀਏਸ਼ਨ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਅਤੇ ਸਤਨਾਮ ਸਿੰਘ ਸੰਧੂ (ਰਾਜ ਸਭਾ ਮੈਂਬਰ) ਨੇ ਬੈਸਟ ਟੀਚਰ ਐਵਾਰਡ ਨਾਲ ਸਨਮਾਨਤ ਕੀਤਾ। ਆਪਣੇ ਸਕੂਲ ਦੀ ਅਧਿਆਪਕਾ ਰੇਖਾ ਰਾਣੀ ਨੂੰ ਸਕੂਲ ਪ੍ਰਿੰਸੀਪਲ ਲਕਸ਼ਮੀ ਗੌਰਾ ਨੇ ਵਧਾਈ ਦਿੱਤੀ। ਦੱਸਣਯੋਗ ਹੈ ਕਿ ਇਸ ਸਕੂਲ ਦੀ ਪ੍ਰਿੰਸੀਪਲ ਲਕਸ਼ਮੀ ਗੌਰਾ ਨੂੰ ਬੈਸਟ ਪ੍ਰਿੰਸੀਪਲ ਐਵਾਰਡ ਪੰਜਾਬ ਦੇ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਸਨਮਾਨਤ ਕੀਤਾ। ਇਸ ਮੌਕੇ ਰੇਖਾ ਰਾਣੀ ਨੂੰ ਸਨਮਾਨ ਕਰਨ ਤੇ ਸਮਾਜ ਸੇਵੀ ਸੁਨੀਲ ਕੁਮਾਰ ਰੈਤ ਨੇ ਮੁਬਾਰਕਬਾਦ ਦਿੱਤੀ ।

# ਗਿਦੜਬਾਹਾ ਹਲਕੇ ਤੋਂ ਡਿੰਪੀ ਢਿੱਲੋਂ ਦੀ ਜਿੱਤ ਪੱਕੀ, ਸਿਰ.ਫ ਐਲਾਨ ਹੋਣਾ ਬਾਕੀ : ਸਰਪੰਚ ਰਣਧੀਰ ਚਹਿਲ

**ਮਨਜੀਤ ਸਿੰਘ ਢੱਲਾ**

**ਜੈਤੋ/18 ਨਵੰਬਰ :** ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਜਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਸੂਝਵਾਨ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਹੱਕ ਚ ਪੂਰਾ ਸਾਥ ਮਿਲ ਰਿਹਾ ਹੈ ਅਤੇ ਲੋਕਾਂ ਦੇ ਫਤਵੇ ਤੋਂ ਪਤਾ ਲੱਗਦਾ ਹੈ ਕਿ ਡਿੰਪੀ ਢਿੱਲੋਂ ਦੀ ਜਿੱਤ ਪੱਕੀ ਹੈ ਸਿਰਫ਼ ਐਲਾਨ ਹੋਣਾ ਬਾਕੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪਿੰਡ ਢੈਪਈ ਤੋਂ ਸਰਪੰਚ ਰਣਧੀਰ ਸਿੰਘ ਧੀਰਾ (ਚਹਿਲ) ਨੇ ਵੱਖ ਪਿੰਡਾਂ ਵਿੱਚ ਡਿੰਪੀ ਢਿੱਲੋਂ ਦੇ ਹੱਕ ਚੋਣ ਪ੍ਰਚਾਰ ਦੌਰਾਨ ਕੀਤਾ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਵੀ ਕੀਤੀ ।



ਉਨ੍ਹਾਂ ਕਿਹਾ ਕਿ ਗਿਦੜਬਾਹਾ ਜਿਮਨੀ ਚੋਣਾਂ ਵਿੱਚ ਡਿੰਪੀ ਢਿੱਲੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

ਉਨ੍ਹਾਂ ਵੱਲੋਂ ਹਲਕੇ ਦੇ ਵੱਖ ਵੱਖ ਪਿੰਡਾਂ ਵਿਚ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਲੈਕੇ ਸਰਪੰਚ ਰਣਧੀਰ ਸਿੰਘ ਚਹਿਲ ਢੈਪਈ ਦੀ ਅਗਵਾਈ ਹੇਠ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਰਕਰ ਵੀ ਹਾਜ਼ਰ ਸਨ ।

# ਬੁੱਢਾ ਦਲ ਵੱਲੋਂ ਧਰਮ ਸ਼ਾਸਤਰੀ ਪ੍ਰੋ. ਵਰਿਆਮ ਸਿੰਘ ਸਨਮਾਨਿਤ

**ਜੋਗਿੰਦਰ ਪਾਲ ਸਿੰਘ ਕੁੰਦਰਾ**

**ਅੰਮ੍ਰਿਤਸਰ/18 ਨਵੰਬਰ :** ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਸਕੱਤਰ ਉਘੇ ਧਰਮ ਸ਼ਾਸਤਰੀ, ਸਿੱਖ ਚਿੰਤਕ, ਸ. ਵਰਿਆਮ ਸਿੰਘ ਜੋ ਅੱਜ ਕੱਲ ਖਡੂਰ ਸਾਹਿਬ ਵਾਲੇ ਸੰਤ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਨਾਲ ਵਿਦਿਅਕ ਮਾਹਿਰ ਦੇ ਸਹਿਯੋਗੀ ਅਤੇ ਚੀਫ ਖਾਲਸਾ ਦੀਵਾਨ ਦੇ ਮੈਂਬਰ ਵਜੋਂ ਸੇਵਾਵਾਂ ਨਿਭਾ ਰਹੇ ਹਨ ਦਾ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ, ਬੁਰਜ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਛਾਉਣੀ ਬੁੱਢਾ ਦਲ ਵਿਖੇ ਪੁੱਜਣ ਤੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਉਨ੍ਹਾਂ ਨੂੰ ਜੀ ਆਇਆ ਕਿਹਾ।



ਰਸਮੀ ਸਮਾਗਮ ਸਮੇਂ ਸ. ਬੇਦੀ ਨੇ ਸ. ਵਰਿਆਮ ਸਿੰਘ ਬਾਰੇ ਬੋਲਦਿਆਂ ਕਿਹਾ ਕਿ ਉਹ ਖੋਜੀ ਬਿਰਤੀ ਵਾਲੇ ਸਾਊ ਤੇ ਉਘੇ ਵਿਦਵਾਨ ਹਨ, ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਸੇਵਾ ਕਾਲ ਦੌਰਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਹੁੰਦੇ ਮਾਸਕ ਪੱਤਰ 'ਗੁਰਮਤਿ ਪ੍ਰਕਾਸ਼' ਦੀ ਲੰਮਾ ਸਮਾਂ ਸੰਪਾਦਨਾ ਕਾਰਜ ਕੀਤਾ ਫਿਰ ਉਹ ਮੀਤ ਸਕੱਤਰ, ਵਧੀਕ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਉਂਦੇ ਰਹੇ। ਸ. ਬੇਦੀ ਨੇ ਕਿਹਾ ਵਰਨਯੋਗ ਹੈ ਕਿ ਸ. ਵਰਿਆਮ ਸਿੰਘ ਸੋਹਣੀ ਸੀਰਤ ਤੇ ਪ੍ਰਭਾਵਸ਼ਾਲੀ ਸ਼ਖਸ਼ੀਅਤ ਦੇ ਮਾਲਕ ਹਨ, ਸਿੱਖਾਂ ਦੀ ਪੁਰਾਤਨ ਸੰਸਥਾ ਚੀਫ਼ ਖਾਲਸਾ ਦੀਵਾਨ ਦੇ ਸਪਤਾਹਿਕ ਤੇ ਮਾਸਿਕ ਪੱਤਰ ਖਾਲਸਾ ਐਡਵੋਕੇਟ ਦੇ ਉਹ ਸੰਪਾਦਕ ਰਹੇ। ਸ. ਬੇਦੀ ਨੇ ਕਿਹਾ ਕਿ ਵਰਿਆਮ ਸਿੰਘ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵਿੱਚ ਵੀ ਆਪਣੀਆਂ ਸ਼ਾਨਦਾਰ ਸੇਵਾਵਾਂ ਦੇਂਦੇ ਰਹੇ ਹਨ। ਦੀਵਾਨ ਦੇ ਉਹ ਅੱਜ ਵੀ ਮੈਂਬਰ ਵਜੋਂ ਸੇਵਾ ਨੇ ਕਰ ਰਹੇ ਹਨ। ਖਡੂਰ ਸਾਹਿਬ ਦੇ ਵਿਦਿਅਕ ਖੇਤਰ ਵਿੱਚੋਂ ਜੋ ਬਾਬਾ ਸੇਵਾ ਸਿੰਘ ਜੀ ਵੱਲੋਂ ਤਮੀਰ ਕਰਵਾਏ ਗਏ ਹਨ ਜਾਂ ਹੋ ਰਹੇ ਵਿੱਚ ਸਲਾਹਕਾਰ ਵਜੋਂ ਉਹਨਾਂ ਦੀ ਵਿਸ਼ੇਸ਼ ਭੂਮਿਕਾ ਹੈ।

ਉਨਾਂ ਦੇ ਅੱਜ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਪ੍ਰਕਾਸ਼ਿਤ ਹੁੰਦੇ ਮਾਸਕ ਪੱਤਰ ਨਿਹੰਗ ਸਿੰਘ ਸੰਦੇਸ ਦੇ ਦਫਤਰ ਪਹੁੰਚਣ ਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਸ. ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਭਗਤ ਸਿੰਘ ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਸ. ਪਰਮਜੀਤ ਸਿੰਘ ਬਾਜਵਾ ਤੇ ਹੋਰ ਸਾਥੀਆਂ ਨੇ ਯਾਦਗਾਰੀ ਚਿੰਨ੍ਹਾਂ, ਧਾਰਮਿਕ ਪੁਸਤਕਾਂ ਭੇਟ ਕਰਕੇ ਸ. ਵਰਿਆਮ ਸਿੰਘ ਨੂੰ ਸਨਮਾਨਿਤ ਕੀਤਾ ।

**Kuantum** The Paper Makers — **Kuantum Papers Ltd**

**Corp Office:** W1A FF Tower A Godrej Eternia Plot no. 70 Indl Area 1 Chandigarh 160002,
**Regd Office and Works:** Saila Khurd 144529 Distt Hoshiarpur Punjab India, **Ph:01884-502737**
www.kuantumpapers.com kuantumcorp@kuantumpapers.com 0172-5172737
**CIN:L21012PB1997PLC035243**

**ਮੈਂਬਰਾਂ ਨੂੰ ਪੋਸਟਲ ਬੈਲਟ ਨੋਟਿਸ**

1. ਕੁਆਂਟਮ ਪੇਪਰਜ਼ ਲਿਮਟਿਡ ('ਕੰਪਨੀ') ਦੇ ਮੈਂਬਰਾਂ ਨੂੰ ਧਾਰਾ 110 ਦੀਆਂ ਤਜਵੀਜਾਂ ਜਿਸ ਨੂੰ ਕੰਪਨੀਜ ਐਕਟ 2013 ('ਐਕਟ') ਦੀ ਧਾਰਾ 108 ਅਤੇ ਹੋਰ ਲਾਗੂ ਤਜਵੀਜਾਂ ਜੇਕਰ ਕੋਈ ਹਨ ਅਤੇ ਕੰਪਨੀਜ (ਪ੍ਰਬੰਧਨ ਅਤੇ ਪ੍ਰਸਾਸਨ) ਨਿਯਮ 2014 ਦੇ ਨਿਯਮ ਦੇ 20 ਅਤੇ ਨਿਯਮ 22 ('ਨਿਯਮ'), ਸੇਬੀ (ਲਿਸਟਿੰਗ ਓਬਲੀਕੇਸ਼ਨਜ ਐਂਡ ਡਿਸਕਲੋਜ਼ਰ ਰਿਕੁਵਾਰਮੈਂਟਸ) ਰੈਗੂਲੇਸਨ 2015 ਦੇ ਰੇਗੂਲੇਸ਼ਨ 44 ('ਸੇਬੀ ਲਿਸਟਿੰਗ ਰੇਗੂਲੇਸ਼ਨਜ'), ਸੇਬੀ ਸਰਕੂਲਰ ਨੰ SEBI/HO/DDHS/P/CIR/2023/0164 ਮਿਤੀ 6 ਅਕਤੂਬਰ 2023 ਅਤੇ ਸਰਕੂਲਰ ਨੰ SEBI/HO/CFD/CFD-PoD-2/P/CIR/2024/133 ਮਿਤੀ 3 ਅਕਤੂਬਰ 2024 (ਸੇਬੀ ਸਰਕੂਲਰਾਂ) ਕਾਰਪੋਰੇਟ ਮਾਮਲੇ ਮੰਤਰਾਲੇ, ਭਾਰਤ ਸਰਕਾਰ ਦੁਆਰਾ ਜਾਰੀ ਆਮ ਸਰਕੂਲਰ ਨੰ 14/2020 ਮਿਤੀ 8 ਅਪ੍ਰੈਲ 2020, 17/2020 ਮਿਤੀ 13 ਅਪ੍ਰੈਲ 2020, 22/2020 ਮਿਤੀ 15 ਜੂਨ 2020, 33/2020 ਮਿਤੀ 28 ਸਤੰਬਰ 2020, 39/2020 ਮਿਤੀ 31 ਦਸੰਬਰ 2020, 10/2021 ਮਿਤੀ 23 ਜੂਨ 2021, 20/2021 ਮਿਤੀ 8 ਦਸੰਬਰ 2021, 03/2022 ਮਿਤੀ 5 ਮਈ 2022 ਅਤੇ 11/2022 ਮਿਤੀ 28 ਦਸੰਬਰ 2022 ਅਤੇ 09/2023 ਮਿਤੀ 25 ਸਤੰਬਰ 2023 ਅਤੇ 09/2024 ਮਿਤੀ 19 ਸਤੰਬਰ 2024 ('ਐਮਸੀਏ ਸਰਕੂਲਰ'), ਕੰਪਨੀਜ ਸੈਕਟਰੀਜ ਆਫ ਇੰਡੀਆ ਦੁਆਰਾ ਜਾਰੀ ਆਮ ਮੀਟਿੰਗ ਦਾ ਸੈਕਟਰੀਅਲ ਸਟੈਂਰਡ ('ਐਸਐਸ-2') ਅਤੇ ਕੋਈ ਹੋਰ ਲਾਗੂ ਕਾਨੂੰਨ, ਨਿਯਮ ਅਤੇ ਰੇਗੂਲੇਸ਼ਨ (ਸਮੇਂ-ਸਮੇਂ 'ਤੇ ਸਟੁਚੇਰੀ ਸੋਧ ਜਾਂ ਮੁੜ ਲਾਗੂ ਸਮੇਤ) ਦੀ ਪਾਲਣਾ ਕਰਦੇ ਹੋਏ ਇਹ ਨੋਟਿਸ ਦਿਤਾ ਜਾਂਦਾ ਹੈ ਕਿ ਕੰਪਨੀ ਪੋਸਟਲ ਬੈਲਟ ਨੋਟਿਸ ਮਿਤੀ 12 ਨਵੰਬਰ 2024 ('ਪੋਸਟਲ ਬੈਲਟ ਨੋਟਿਸ') ਵਿਖੇ ਦਰਸਾਏ ਮੁਤਾਬਕ ਸਿਰਫ ਰੀਮੋਟ ਈ-ਵੋਟਿੰਗ ਪ੍ਰਕਿਰਿਆ (ਰੀਮੋਟ ਈ-ਵੋਟਿੰਗ ਜਾਂ ਈ-ਵੋਟਿੰਗ) ਦੁਆਰਾ ਪੋਸਟ ਬੈਲਟ ਰਾਹੀ ਮਤੇ ਪਾਸ ਕਰਨ ਲਈ ਮੈਬਰਾਂ ਦੀ ਮੰਜੂਰੀ ਚਾਹੁੰਦੀ ਹੈ। ਕੰਪਨੀ ਨੇ ਨੋਟਿਸ ਵਿਚ ਦਰਸਾਏ ਖਾਸ ਕਾਰੋਬਾਰ ਦੀ ਜਾਂਚ ਲਈ ਪੋਸਟਲ ਬੈਲਟ ਨੋਟਿਸ ਨੂੰ ਭੇਜਣ ਦਾ ਕਾਰਜ ਸੋਮਵਾਰ 18 ਨਵੰਬਰ 2024 ਨੂੰ ਪੂਰਾ ਕਰ ਲਿਆ ਹੈ।

2. ਕਿਰਪਾ ਕਰਕੇ ਨੋਟ ਕੀਤਾ ਜਾਵੇ ਹੈ ਕਿ ਸਿਰਫ ਇਲੈਕਟ੍ਰਾਨਿਕ ਮਾਧਿਅਮ ਰਾਹੀ ਪੋਸਟਲ ਬੈਲਟ ਨੋਟਿਸ ਸਿਰਫ ਉਨਾਂ ਮੈਬਰਾਂ ਨੂੰ ਜਿਨ੍ਹਾਂ ਦੇ ਨਾਮ ਸ਼ੁੱਕਰਵਾਰ 08 ਨਵੰਬਰ, 2024 (ਕੱਟ-ਆਫ ਮਿਤੀ) ਨੂੰ ਮੈਬਰਾਂ ਦੇ ਰਜਿਸਟਰ ਜਾਂ ਡਿਪਾਜ਼ਿਟਰੀਆਂ ਦੁਆਰਾ ਬਰਕਰਾਰ ਲਾਭਪਾਤਰੀ ਮਾਲਕਾਂ ਦੇ ਰਜਿਸਟਰ ਵਿਚ ਦਰਜ ਹਨ, ਨੂੰ ਉਨਾਂ ਦੇ ਰਜਿਸਟਰਡ ਈ-ਮੇਲ ਆਈ.ਡੀ. 'ਤੇ ਭੇਜੇ ਗਏ ਹਨ। ਮੈਂਬਰਾਂ ਦੀ ਸਹਿਮਤੀ ਜਾਂ ਅਸਹਿਮਤੀ ਦਾ ਸੰਚਾਰ ਸਿਰਫ ਰਿਮੋਟ ਈ-ਵੋਟਿੰਗ ਪ੍ਰਣਾਲੀ ਦੁਆਰਾ ਕੀਤਾ ਜਾਵੇਗਾ ਅਤੇ ਪੋਸਟਲ ਬੈਲਟ ਨੋਟਿਸ ਦੀ ਹਾਰਡ ਕਾਪੀ (ਪੋਸਟਲ ਬੈਲਟ ਫਾਰਮਾਂ ਦੇ ਨਾਲ) ਅਤੇ ਪੂਰਵ ਅਦਾਇਗੀ ਵਪਾਰਕ ਲਿਫਾਫੇ ਡਾਕ ਰਾਹੀਂ ਮੈਂਬਰਾਂ ਨੂੰ ਨਹੀਂ ਭੇਜੇ ਜਾਣਗੇ।

3. ਕੰਪਨੀ ਨੇ ਆਪਣੇ ਮੈਂਬਰਾਂ ਨੂੰ ਰਿਮੋਟ ਈ-ਵੋਟਿੰਗ ਸਹੂਲਤ ਪ੍ਰਦਾਨ ਕਰਨ ਲਈ ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀਜ਼ ਲਿਮਟਿਡ (ਇਸ ਤੋਂ ਬਾਅਦ 'ਐਨਐਸਡੀਐਲ' ਜਾਂ 'ਸਰਵਿਸ ਪ੍ਰੋਵਾਈਡਰ' ਵਜੋਂ ਜਾਣਿਆ ਜਾਂਦਾ ਹੈ) ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਮੈਂਬਰ ਰਿਮੋਟ ਈ-ਵੋਟਿੰਗ ਦੀ ਸਹੂਲਤ ਸਿਰਫ਼ ਰਿਮੋਟ ਈ-ਵੋਟਿੰਗ ਅਵਧੀ ਵਿੱਚ ਵਰਤ ਜਾ ਸਕਦੇ ਹਨ ਜੋ ਮੰਗਲਵਾਰ, 19 ਨਵੰਬਰ, 2024 (ਸਵੇਰੇ 09:00 ਵਜੇ) ਨੂੰ ਸ਼ੁਰੂ ਹੋਵੇਗੀ ਅਤੇ ਬੁੱਧਵਾਰ, 18 ਦਸੰਬਰ, 2024 (ਸ਼ਾਮ 05:00 ਵਜੇ) ਨੂੰ ਸਮਾਪਤ ਹੋਵੇਗੀ। ਦੱਸੀ ਗਈ ਮਿਤੀ ਅਤੇ ਸਮੇਂ ਤੋਂ ਬਾਅਦ ਈ-ਵੋਟਿੰਗ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਉਸ ਤੋਂ ਬਾਅਦ ਈ-ਵੋਟਿੰਗ ਮੋਡੀਊਲ ਨੂੰ ਅਯੋਗ ਕਰ ਦਿੱਤਾ ਜਾਵੇਗਾ।

4. ਈ-ਵੋਟਿੰਗ ਲਈ ਪ੍ਰਕਿਰਿਆਵਾਂ/ਹਿਦਾਇਤਾਂ ਪੋਸਟਲ ਬੈਲਟ ਨੋਟਿਸ ਵਿੱਚ ਦਿੱਤੀਆਂ ਗਈਆਂ ਹਨ। ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਸ਼੍ਰੀ ਸੁਸ਼ੀਲ ਕੁਮਾਰ ਸਿੱਕਾ (ਮੈਂਬਰਸ਼ਿਪ ਨੰ. 4241) ਪ੍ਰੈਕਟਿਸਿੰਗ ਕੰਪਨੀ ਸਕੱਤਰ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਪੋਸਟਲ ਬੈਲਟ ਈ-ਵੋਟਿੰਗ ਪ੍ਰਕਿਰਿਆ ਦੇ ਸੰਚਾਲਨ ਲਈ ਜਾਂਚਕਰਤਾ ਵਜੋਂ ਨਿਯੁਕਤ ਕੀਤਾ ਹੈ।

5. ਉਕਤ ਪੋਸਟਲ ਬੈਲਟ ਨੋਟਿਸ ਦੀ ਕਾਪੀ ਕੰਪਨੀ ਦੀ ਵੈੱਬਸਾਈਟ www.kuantumpapers.com 'ਤੇ ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ ਜੋ ਕਿ ਬੀਐਸਈ ਲਿਮਟਿਡ ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿਮਟਿਡ ਕ੍ਰਮਵਾਰ www.bseindia.com ਅਤੇ www.nseindia.com 'ਤੇ ਅਤੇ ਐਨਐਸਡੀਐਲ ਦੀ ਵੈੱਬਸਾਈਟ www.evoting.nsdl.com 'ਤੇ ਉਪਲਬਧ ਹੈ।

6. ਪੋਸਟਲ ਬੈਲਟ ਦੇ ਨਤੀਜਿਆਂ ਦੀ ਘੋਸ਼ਣਾ ਈ-ਵੋਟਿੰਗ ਦੀ ਮਿਆਦ ਦੀ ਸਮਾਪਤੀ ਤੋਂ 2 (ਦੋ) ਕੰਮਕਾਜੀ ਦਿਨਾਂ ਦੇ ਅੰਦਰ ਜਾਂਚਕਰਤਾ ਦੀ ਰਿਪੋਰਟ ਦੇ ਨਾਲ ਕੀਤੀ ਜਾਵੇਗੀ ਅਤੇ ਇਹ ਉੱਪਰ ਦੱਸੇ ਅਨੁਸਾਰ ਵੈੱਬਸਾਈਟਾਂ 'ਤੇ ਵੀ ਪ੍ਰਦਰਸ਼ਿਤ/ਸੰਚਾਰਿਤ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਨਤੀਜਾ ਕੰਪਨੀ ਦੇ ਰਜਿਸਟਰਡ ਦਫ਼ਤਰ ਅਤੇ ਕਾਰਪੋਰੇਟ ਦਫ਼ਤਰ ਵਿਖੇ ਘੱਟੋ-ਘੱਟ ਤਿੰਨ ਦਿਨਾਂ ਬਾਅਦ ਨੋਟਿਸ ਬੋਰਡ 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ।

7. ਜਿਨ੍ਹਾਂ ਮੈਂਬਰਾਂ ਨੇ ਆਪਣੇ ਈ-ਮੇਲ ਪਤੇ ਰਜਿਸਟਰ ਨਹੀਂ ਕਰਵਾਏ ਹਨ, ਉਹ ਤੁਰੰਤ ਆਰਟੀਏ/ਡਿਪਾਜ਼ਟਰੀ ਭਾਗੀਦਾਰ ਕੋਲ ਰਜਿਸਟਰ ਕਰਨ।

8. ਇੱਕ ਵਾਰ ਮੈਂਬਰ ਦੁਆਰਾ ਮਤੇ 'ਤੇ ਵੋਟ ਪਾਉਣ ਤੋਂ ਬਾਅਦ, ਮੈਂਬਰ ਨੂੰ ਬਾਅਦ ਵਿੱਚ ਇਸਨੂੰ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਮੈਂਬਰਾਂ ਦੇ ਵੋਟਿੰਗ ਅਧਿਕਾਰ ਕੱਟ-ਆਫ ਮਿਤੀ 'ਤੇ ਕੰਪਨੀ ਦੀ ਅਦਾਇਗੀਸ਼ੁਦਾ ਇਕੁਇਟੀ ਸ਼ੇਅਰ ਪੂੰਜੀ ਦੇ ਉਨ੍ਹਾਂ ਦੇ ਹਿੱਸੇ ਦੇ ਅਨੁਪਾਤ ਵਿੱਚ ਹੋਣਗੇ।

9. ਇੱਕ ਵਿਅਕਤੀ ਜੋ ਸ਼ੁੱਕਰਵਾਰ, 08 ਨਵੰਬਰ, 2024 (ਕੱਟ-ਆਫ ਮਿਤੀ) ਨੂੰ ਸ਼ੇਅਰਧਾਰਕ ਨਹੀਂ ਹੈ, ਨੂੰ ਇਸ ਨੋਟਿਸ ਨੂੰ ਸਿਰਫ਼ ਜਾਣਕਾਰੀ ਦੇ ਉਦੇਸ਼ ਲਈ ਸਮਝ ਸਕਦਾ ਹੈ।

ਜੇਕਰ ਤੁਹਾਨੂੰ ਈ-ਵੋਟਿੰਗ ਸਬੰਧੀ ਕੋਈ ਸਵਾਲ ਹਨ, ਤਾਂ ਤੁਸੀਂ ਵੈਬਸਾਈਟ www.evoting.nsdl.com ਦੇ ਹੈਲਪ ਸੈਕਸ਼ਨ ਤਹਿਤ ਉਪਲਬਧ ਆਮ ਤੋਰ 'ਤੇ ਅਕਸਰ ਪੁਛੇ ਜਾਣ ਵਾਲੇ ਸਵਾਲ ("ਐਫਏਕਯੂ") ਅਤੇ ਈ-ਵੋਟਿੰਗ ਮੈਨੂਅਲ ਦਾ ਹਵਾਲਾ ਲੈ ਸਕਦੇ ਹੋ ਜਾਂ evoting@nsdl.com ਤੇ ਇੱਕ ਈ-ਮੇਲ ਲਿਖ ਸਕਦੇ ਹੋ ਜਾਂ 022-4886 7000 ਅਤੇ 022-2499 7000 'ਤੇ ਸੰਪਰਕ ਕਰੋ ਜਾਂ ਕੰਪਨੀ RTA, MAS ਸਰਵਿਸਿਜ਼ ਲਿਮਟਿਡ info@masserv.com 'ਤੇ ਸੰਪਰਕ ਕਰੋ ਜਾਂ +91 11 2638 7281/82/83 'ਤੇ ਸੰਪਰਕ ਕਰੋ ਜਾਂ ਕੰਪਨੀ ਨਾਲ ਸੰਪਰਕ ਕਰੋ: 01884-502737/0172-5172737 ਅਤੇ ਈ-ਮੇਲ: Kuantumcorp@kuantumpapers.com.

ਬਾ ਹੁਕਮ ਬੋਰਡ ਆਫ ਡਾਇਰੈਕਟਰਜ
ਲਈ ਕੁਆਂਟਮ ਪੇਪਰਜ਼ ਲਿਮਟਿਡ
ਸਹੀ/-
ਗੁਰਿੰਦਰ ਸਿੰਘ ਮੱਕੜ
ਕੰਪਨੀ ਸਕੱਤਰ ਅਤੇ ਪਾਲਣਾ ਅਧਿਕਾਰੀ

ਮਿਤੀ : 18.11.2024
ਸਥਾਨ : ਚੰਡੀਗੜ੍ਹ